# ਡਾਇਰੈਕਟੋਰੇਟ ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ

## ਦਫਤਰੀ ਹੁਕਮ

ਨੰ: 6ਐਮ.ਈ.3-ਪੰ:-14/ ਮਿਤੀ ਚੰਡੀਗੜ੍ਹ

ਸਾਲ 2007 ਤੋਂ 2014 ਤੱਕ ਸਕਾਲਰਸ਼ਿਪ ਦੇ ਜੋ ਫਾਰਮ ਇਸ ਦਫਤਰ ਵਿਖੇ ਪ੍ਰਾਪਤ ਹੋਏ ਸਨ, ਉਨ੍ਹਾਂ ਨੂੰ ਵਿਚਾਰਦੇ ਹੋਏ ਯੋਗ ਵਿਦਿਆਰਥੀਆਂ ਨੂੰ ਅਦਾਇਗੀ ਕਰ ਦਿੱਤੀ ਗਈ ਹੈ / ਲਿਸਟਾਂ ਅਦਾਇਗੀ ਲਈ ਡਾਇਰੈਕਟਰ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ੍ਰੇਣੀਆਂ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਭੇਜ ਦਿੱਤੀਆਂ ਗਈਆਂ ਸਨ ਅਤੇ ਵਿਦਿਆਰਥੀਆਂ / ਸੰਸਥਾਵਾਂ ਅਤੇ ਆਮ ਜਨਤਾ ਦੀ ਸੂਚਨਾ ਹਿਤ ਵਿਭਾਗ ਦੀ ਵੈਬ-ਸਾਈਟ ਉੱਤੇ ਉਪਲਬਧ ਕਰਵਾਈਆਂ ਗਈਆਂ ਸਨ। ਸਕਾਲਰਸ਼ਿਪ ਲਈ ਅਯੋਗ ਕੇਸਾਂ ਸਬੰਧੀ ਵਿਦਿਆਰਥੀਆਂ ਨੂੰ ਆਪਣਾ ਪੱਖ ਪੇਸ਼ ਕਰਨ / ਦਸਤਾਵੇਜ ਪੂਰੇ ਕਰਨ ਦਾ ਪੂਰਾ ਮੌਕਾ ਦਿੱਤਾ ਗਿਆ ਸੀ ਅਤੇ ਆਖਰੀ ਮੌਕਾ ਦਿੰਦੇ ਹੋਏ ਸਮੇਂ-ਸਮੇਂ 15 ਦਿਨਾਂ ਦੇ ਅੰਤਿਮ ਨੋਟਿਸ ਦਿੱਤੇ ਗਏ ਸਨ, ਕਿ ਇਸ ਤੋਂ ਬਾਅਦ ਇਹ ਕੇਸ ਫਾਈਲ ਸਮਝੇ ਜਾਣਗੇ।

ਇਸ ਦਫਤਰੀ ਹੁਕਮ ਰਾਹੀਂ ਸਾਲ 2014 ਤੱਕ ਦੇ ਸਾਰੇ ਅਯੋਗ ਪਾਏ ਗਏ ਕੇਸ ਫਾਈਲ ਕੀਤੇ ਜਾਂਦੇ ਹਨ ਅਤੇ ਸਪਸ਼ਟ ਕੀਤਾ ਜਾਂਦਾ ਹੈ ਕਿ ਇਨ੍ਹਾਂ ਉੱਤੇ ਹੁਣ ਕੋਈ ਮੁੜ-ਵਿਚਾਰ ਨਹੀਂ ਕੀਤਾ ਜਾਵੇਗਾ।

//

ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ

ਨੰ: 6ਐਮ.ਈ.3-ਪੰ:-14/ 12520 ਮਿਤੀ ਚੰਡੀਗੜ੍ਹ: 12-08-14

ਸਾਰੀਆਂ ਸੰਸਥਾਵਾਂ, ਵਿਦਿਆਰਥੀਆਂ ਅਤੇ ਆਮ-ਜਨਤਾ ਦੀ ਸੂਚਨਾ ਹਿਤ ਵਿਭਾਗ ਦੀ ਵੈੱਬਸਾਈਟ ਉੱਤੇ ਅੱਪਲੋਡ ਕਰਨ ਹਿਤ ਭੇਜਿਆ ਜਾਂਦਾ ਹੈ।

ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ

Scanned by CamScanner